ਇਸ ਦਫ਼ਤਰ ਦੇ ਮੀਮੋ ਨੰ. 2025286565 ਮਿਤੀ 26-9-2025 ਰਾਹੀਂ ਜਾਰੀ ਕੀਤੇ ਗਏ ਪੱਤਰ ਦੇ ਅਧਿਲੰਘਣ ਵਿੱਚ। 2025141843 29/9/2025 ਬ-4

ਵਿੱਤੀ ਸਾਲ 2025-26

**ਦਫਤਰ ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ(ਸੈ:ਸਿ:), ਪੰਜਾਬ ਐਸ.ਏ.ਐਸ ਨਗਰ**

**(ਬਜਟ ਸ਼ਾਖਾ)**

**ਈ-ਮੇਲ ਰਾਹੀਂ:**

ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:)
2. ਸਲਾਹਕਾਰ ਤਕਨੀਕੀ ਸਿੱਖਿਆ ਪੰਜਾਬ, ਐਸ.ਏ.ਐਸ ਨਗਰ
3. ਸਲਾਹਕਾਰ ਖੇਤੀਬਾੜੀ, ਪੰਜਾਬ, ਐਸ.ਏ.ਐਸ ਨਗਰ।
4. ਰਜਿਸਟਰਾਰ ਸਿੱਖਿਆ ਵਿਭਾਗ।

ਮੀਮੋਨੰ: E-777032 (Budget-4) / 2025284719
ਮਿਤੀ: ਐਸ.ਏ.ਐਸ ਨਗਰ: 29-09-2025

ਵਿਸ਼ਾ:- ਵਿੱਤੀ ਸਾਲ 2025-26 ਦੇ ਸੋਧੇ ਬਜਟ ਅਨੁਮਾਨ ਅਤੇ ਵਿੱਤੀ ਸਾਲ 2026-27 ਦੇ ਬਜਟ ਅਨੁਮਾਨ (ਰੈਵਿਨਿਊ) ਦੀਆਂ ਤਜਵੀਜ਼ਾਂ ਭੇਜਣ ਬਾਰੇ।

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿੱਤੀ ਸਾਲ 2025-26 ਦੇ ਸੋਧੇ ਬਜਟ ਅਨੁਮਾਨ ਅਤੇ 2026-27 ਦੇ ਬਜਟ ਅਨੁਮਾਨ ਸਬੰਧੀ ਤਜਵੀਜ਼ਾਂ ਵਿਤ ਵਿਭਾਗ ਨੂੰ ਭੇਜੀਆਂ ਜਾਣੀਆਂ ਹਨ। ਇਸ ਲਈ ਆਪਣੇ ਅਤੇ ਆਪਣੇ ਅਧੀਨ ਵਿਦਿਅਕ ਸੰਸਥਾਵਾਂ ਨਾਲ ਸਬੰਧਤ ਡੀ.ਡੀ.ਓਜ਼ ਤੋਂ ਸਾਲ 2025-26 ਦੇ ਸੋਧੇ ਬਜਟ ਅਨੁਮਾਨਾਂ ਦੀ ਸੂਚੀ ਅਤੇ ਸਾਲ 2026-27 ਦੇ ਬਜਟ ਅਨੁਮਾਨ ਸਮੇਤ ਸਿਫਾਰਸ਼ **<u>ਮਿਤੀ 10-10-2025 ਤੱਕ ਦਸਤੀ ਡੀਲਿੰਗ ਸਹਾਇਕ ਜਾਂ ਜਿਸ ਨੂੰ ਇਸ ਦੀ ਪੂਰੀ ਜਾਣਕਾਰੀ ਹੋਵੇ, ਰਾਹੀਂ ਪਜਦਾ ਕੀਤਾ ਜਾਵੇ। ਡਾਕ ਰਾਹੀਂ ਭੇਜਿਆ ਬਜਟ ਮਨਜ਼ੂਰ ਨਹੀਂ ਕੀਤਾ ਜਾਵੇਗਾ।</u>** ਰਿਟਾਇਰੀਆਂ ਦੇ ਵਾਧੇ ਘਾਟੇ ਦੇ ਮੈਡੀਕਲ ਸਬੰਧੀ ਜੋ ਅਨੁਮਾਨ ਹਨ, ਉਹ ਵੀ ਵਖਰੇ ਪ੍ਰਫਾਰਮੇਂ ਉਤੇ ਨਾਲ ਹੀ ਬਣਾ ਕੇ ਭੇਜੇ ਜਾਣ। **ਇਸ ਦੇ ਨਾਲ ਹੀ ਸਕੂਲਾਂ ਵੱਲੋਂ ਖਜ਼ਾਨਾ ਦਫਤਰਾਂ ਵਿੱਚ ਜਮਾਂ ਕਰਵਾਈ ਜਾਂਦੀ ਰਾਸ਼ੀ ਸਬੰਧੀ ਰਸੀਟ ਬਜਟ ਨੱਥੀ ਪ੍ਰਫਾਰਮੇ ਵਿੱਚ ਵੀ ਤਿਆਰ ਕਰਕੇ ਭੇਜੇ ਜਾਣ।** ਰਸੀਟ ਬਜਟ ਵਿੱਚ ਸਾਲ 2025-26 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2026-27 ਦੇ ਬਜਟ ਅਨੁਮਾਨ ਨਾ ਤਿਆਰ ਕਰਨ ਦੀ ਸੂਰਤ ਵਿੱਚ ਬਜਟ ਅਨੁਮਾਨ ਸਵੀਕਾਰ ਨਹੀਂ ਕੀਤੇ ਜਾਣਗੇ।

2.0 ਸਾਲ 2025-26 ਦੇ ਸੋਧੇ ਬਜਟ ਅਨੁਮਾਨ ਅਤੇ ਸਾਲ 2026-27 ਦੇ ਬਜਟ ਅਨੁਮਾਨ ਨਾਲ ਨੱਥੀ ਪ੍ਰਫਾਰਮੇਂ ਅਨੁਲੱਗ-1(ਬੀ.ਐਮ-2 ਪ੍ਰਫਾਰਮਾ) ਅਤੇ ਅਨੁਲੱਗ (II, III) ਰਾਹੀਂ ਹੀ ਭੇਜੇ ਜਾਣ। ਅਨੈਕਚਰ III ਯਾਨੀ ਕਿ ਨੋਮਿਨਲ ਰੋਲ ਵਿੱਚ ਸਟਾਫ ਦੀ ਤਨਖਾਹ ਸਕੇਲ ਸਬੰਧੀ ਮੁਕੰਮਲ ਵੇਰਵੇ ਦਰਸਾਉਂਦੇ ਹੋਏ ਭੇਜਿਆ ਜਾਵੇ।

3.0 ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਾਲ 2025-26 ਦੇ ਸੋਧੇ ਬਜਟ ਅਨੁਮਾਨ ਤਿਆਰ ਕਰਨ ਤੋਂ ਪਹਿਲਾਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ **<u>ਕਿ ਕਈ ਸਕੂਲਾਂ ਵਿੱਚ ਬਜਟ ਵਾਧੂ ਪਿਆ ਰਹਿੰਦਾ ਹੈ ਤੇ ਕਈ ਸਕੂਲਾਂ ਵਿੱਚ ਬਜਟ ਘੱਟ ਰਹਿ ਜਾਂਦਾ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਜਿਲੇ ਵਿੱਚ ਜਿਨ੍ਹਾਂ ਸਕੂਲਾਂ ਵਿੱਚ ਬਜਟ ਵਾਧੂ ਹੋਵੇ, ਉਨ੍ਹਾਂ ਤੋਂ ਸਰੰਡਰ ਕਰਵਾ ਕੇ ਜਿਲੇ ਦੇ ਅੰਦਰ ਹੀ ਲੋੜ ਵੰਦ ਸਕੂਲਾਂ ਨੂੰ ਉਸ ਮੱਦ ਅਧੀਨ ਬਜਟ ਅਲਾਟ ਕੀਤਾ ਜਾਵੇ,</u>** ਜਿਸ ਮੱਦ ਅਧੀਨ ਸਰੰਡਰ ਹੋਇਆ ਹੋਵੇ। ਤਨਖਾਹ ਸਬੰਧੀ ਬਜਟ ਦੀ ਤਜਵੀਜ਼ ਅਸਲ ਖਰਚੇ ਦੇ ਅਧਾਰ ਤੇ ਭੇਜੀ ਜਾਵੇ ਤਾਂ ਜੋ [illegible] ਉਪ ਮੱਦ ਅਧੀਨ ਪੂਰੇ ਸਾਲ ਦਾ ਢੁਕਵਾਂ ਬਜਟ ਮੰਗਿਆ ਜਾਵੇ ਤਾਂ ਜੋ ਕਿਸੀ ਵੀ ਕਰਮਚਾਰੀ ਦੀ ਤਨਖਾਹ ਨਾ ਰੁੱਕੇ।

4.0 ਬਿਜਲੀ, ਪਾਣੀ, ਟੈਲੀਫੋਨ, ਟੀ.ਏ, ਦਫਤਰੀ ਖਰਚਾ, ਐਡਵਰਟਾਈਜ਼ਮੈਂਟ, ਮੈਡੀਕਲ ਅਤੇ ਰਿਟਾਇਰਡ ਮੈਡੀਕਲ ਆਦਿ ਦੇ ਬਿੱਲਾਂ ਦੀ ਸੂਚੀ ਹੇਠ ਦਰਸਾਏ ਪ੍ਰਫਾਰਮੇ ਵਿੱਚ ਤਿਆਰ ਕਰਕੇ ਸੋਧੇ ਬਜਟ ਅਨੁਮਾਨਾ ਦੇ ਨਾਲ ਭੇਜੀ ਜਾਵੇ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਆਪ ਵੱਲੋਂ ਉਪਰੋਕਤ SOEs ਵਿੱਚ ਸੋਧੇ ਬਜਟ ਅਨੁਮਾਨਾਂ ਵਿੱਚ ਰਾਸ਼ੀ ਦਾ ਉਪਬੰਧ ਨਹੀਂ ਕਰਵਾਇਆ ਜਾਵੇਗਾ।

Name of Office : ..............................

Major Head : ..............................
SOE : .............................................

| S.No. | Sanction No. | Date | Amount | Period of Bill | Name of Claimant (In case of Medical Bill) |
|---|---|---|---|---|---|
| 1 | | | | | |

5.0 ਸਾਲ 2025-26 ਦੇ ਸੋਧੇ ਬਜਟ ਅਨੁਮਾਨ ਸਬੰਧੀ ਲਿਖਿਆ ਜਾਂਦਾ ਹੈ ਕਿ ਸੋਧੇ ਬਜਟ ਅਨੁਮਾਨ ਆਪ ਵੱਲੋਂ ਭੇਜੇ ਜਾਂਦੇ ਹਨ, ਵਿੱਚ ਬਜਟ ਲੋੜ ਤੋਂ ਵੱਧ ਮੰਗ ਲਿਆ ਜਾਂਦਾ ਹੈ। ਜਿਸ ਕਾਰਣ ਇਹ ਬਜਟ 31-ਮਾਰਚ ਤੱਕ ਖਰਚ ਨਹੀਂ ਹੁੰਦਾ ਅਤੇ ਮਾਰਚ ਦੇ ਆਖਰੀ ਦਿਨਾਂ ਵਿੱਚ ਇਸ ਦਫ਼ਤਰ ਨੂੰ ਸਰੰਡਰ ਕੀਤਾ ਜਾਂਦਾ ਹੈ। ਇਸ ਲਈ ਸਹੀ ਅਨੁਮਾਨ ਹੀ ਭੇਜੇ ਜਾਣ।ਆਪ ਨੂੰ ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਾਧੇ ਘਾਟੇ ਦੀ ਸਾਰਣੀ ਤੋਂ ਬਾਅਦ ਨਾ ਤਾਂ ਕੋਈ ਬਜਟ ਸਰੰਡਰ ਕੀਤਾ ਜਾਵੇਗਾ ਅਤੇ ਨਾ ਹੀ ਕੋਈ ਹੋਰ ਬਜਟ ਦਿੱਤਾ ਜਾਵੇਗਾ।ਇਸ ਲਈ ਜਿੰਮੇਵਾਰੀ ਆਪ ਦੀ ਹੋਵੇਗੀ।

6.0 ਸਾਲ 2025-26 ਦੇ ਤਨਖਾਹ ਦੇ ਬਜਟ ਅਨੁਮਾਨ ਤਿਆਰ ਕਰਨ ਲਈ ਨੋਮੀਨਲ ਰੋਲ ਵਿੱਚ ਦਰਸਾਈ ਗਈ ਸੈਲਰੀ ਵਿੱਚ ਡੀ.ਏ ਵੱਜੋਂ ਤਨਖਾਹਾਂ ਵਿੱਚ 5% ਦਾ ਵਾਧਾ ਦੇ ਕੇ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ।ਬਾਕੀ ਮੱਦਾਂ ਸਬੰਧੀ ਮੁਕੰਮਲ ਵੇਰਵੇ ਸਪਸ਼ਟਤਾ ਸਹਿਤ ਮੁਹਇਆ ਕਰਵਾਏ ਜਾਣ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਵਿੱਤੀ ਸਾਲ 2026-27 ਦੇ ਬਜਟ ਅਨੁਮਾਨ ਤਿਆਰ ਕਰਨ ਲਈ ਵਿਭਾਗ ਵਿੱਚ ਮੌਜੂਦਾ ਮੁਲਾਜ਼ਮਾ ਦੀ ਗਿਣਤੀ ਦੇ ਅਧਾਰ ਤੇ ਸਾਲਾਨਾ ਤਰੱਕੀਆਂ ਅਤੇ ਡੀ.ਏ ਵੱਜੋਂ ਤਨਖਾਹ ਵਿੱਚ ਵਿੱਤੀ ਸਾਲ 2025-26 ਦੇ ਸੋਧੇ ਅਨੁਮਾਨ ਦੇ ਅਧਾਰ ਤੇ 5 % ਦਾ ਵਾਧਾ ਦੇ ਕੇ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ।

7.0 ਵੱਖ ਵੱਖ ਮੱਦਾਂ ਦੇ ਸੋਧੇ ਬਜਟ ਅਨੁਮਾਨਾਂ ਵਿੱਚ ਪਰਮਾਨੈਂਟ ਅਤੇ ਟੈਂਪਰੇਰੀ ਪੋਸਟਾਂ ਦੀ ਸਥਿਤੀ ਭਾਵ ਪ੍ਰਮਾਣਿਤ ਅਸਾਮੀਆਂ, ਭਰੀਆਂ ਅਸਾਮੀਆਂ ਅਤੇ ਖਾਲੀ ਅਸਾਮੀਆਂ ਦਾ ਵੇਰਵਾ ਡੀ.ਡੀ.ਓ ਵਾਈਜ਼ ਅਤੇ ਪ੍ਰੋਫਾਰਮੇ ਅਨੁਸਾਰ ਖਰਚੇ ਦੇ ਅਧਾਰ ਤੇ ਸੋਧੇ ਬਜਟ ਅਨੁਮਾਨਾਂ ਦੀ ਤਜਵੀਜ਼ ਭੇਜੀ ਜਾਵੇ।**ਖਾਲੀ ਅਸਾਮੀਆਂ ਅਤੇ ਰੋਕ ਕੇ ਰੱਖੀਆਂ ਅਸਾਮੀਆਂ ਲਈ ਕੋਈ ਬਜਟ ਨਾ ਮੰਗਿਆ ਜਾਵੇ।**

ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:) ਨੂੰ ਲਿਖਿਆ ਜਾਂਦਾ ਹੈ ਕਿ ਉਹਨਾਂ ਵੱਲੋਂ ਜੋ ਬਜਟ ਸਕੂਲਾਂ/ਸੰਸਥਾਵਾਂ/ਦਫਤਰਾਂਨੂੰਅਲਾਟ ਕੀਤਾ ਜਾਂਦਾ ਹੈ, ਉਹ ਬਜਟ ਸਬੰਧਤ ਡੀ.ਡੀ.ਓ ਤੋਂ ਤਸਦੀਕ ਕਰਵਾਉਣ ਕਿ ਜੋ ਬਜਟ ਉਨ੍ਹਾਂ ਨੂੰ ਅਲਾਟ ਕੀਤਾ ਗਿਆ ਹੈ, ਉਹ 31 ਮਾਰਚ 2026 ਤੱਕ ਖਰਚ ਕਰ ਲੈਣਗੇ।ਜੇਕਰ ਉਨ੍ਹਾਂ ਕੋਲ ਵਾਧੂ ਬਜਟ ਹੈ ਤਾਂ ਉਹ ਸਰੰਡਰ ਕਰਵਾਇਆ ਜਾਣਾ ਯਕੀਨੀ ਬਣਾ ਲਿਆ ਜਾਵੇ।ਜੇਕਰ ਨਿਸ਼ਚਿਤ ਮਿਤੀ ਤੱਕ ਸੋਧੇ ਬਜਟ ਅਨੁਮਾਨ ਅਤੇ ਅਨੁਮਾਨਤ ਬਜਟ ਪ੍ਰਾਪਤ ਨਹੀਂ ਹੁੰਦੇ ਤਾਂ ਇਹ ਸਮਝ ਲਿਆ ਜਾਵੇਗਾ ਕਿ ਆਪ ਨੂੰ ਹੋਰ ਬਜਟ ਦੀ ਲੋੜ ਨਹੀਂ ਅਤੇ ਨਾ ਹੀ ਕੁਝ ਸਰੰਡਰ ਕਰਨਾ ਚਾਹੁੰਦੇ ਹੋ।

ਨੱਥੀ: ਅਨੁਲੱਗ-1(ਬੀ.ਐਮ-2 ਪ੍ਰੋਫਾਰਮਾ) ਅਤੇ
ਅਨੁਲੱਗ (II, III, ਰਸੀਦਪ੍ਰੋਫਾਰਮਾਂ)

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)

Annexure - I

B.M - 2 Performa

Office :-

Major Head:-

| SOE Code with Description | Voted/ Charged | Accounts | Budget Estimates | Additional Funds | Total Estimates (4+5) | First 6 Months Expenditure 1-4-2024 to 30-9-2024 | Anticipated Expenditure from 1-10-2024 to 31-3-2025 | Total Anticipated Expenditure (7 + 8) | Till Date Expenditure of Current year | Total Bills presented in the Treasuries Till Date | Proposed Revised Estimates | Proposed Budget Estimates | SOE Variation | Remarks |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 12 | 14 | 15 |
| | | 2024-25 | 2025-26 | 2025-26 | 2025-26 | 2025-26 | 2025-26 | 2025-26 | 2025-26 | 2025-26 | 2025-26 | 2026-27 | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| Total | | | | | | | | | | | | | | |

## *Annexure-II*

**Statement showing Designation wise/Grade Wise detail of expenditure for Financial Year 2025-26**

| Name of Office:- | | | Head of Account: | | | | | | |
|---|---|---|---|---|---|---|---|---|---|
| Sr.No. | Name of Post | Pay Scale | *No.of Sanctioned Posts as on 30-9-2025* | | *No.of Filled Posts as on 30-9-2025* | | Actual Expenditure | Anticipated Expenditure from | Total anticipated Expenditure Total (8+9) |
| | | | *Permanent* | *Temorary* | *Permonent* | *Temorary* | *1-4-2025 to 30-9-2025* | *1-10-2025 to 31-3-2026* | *1-4-20245to 31-3-2026* |
| 1 | 2 | 3 | 4 | 5 | 6 | 7 | 8 | 9 | 10 |
| **1** | | | | | | | | | |
| **2** | | | | | | | | | |
| **3** | | | | | | | | | |
| **4** | | | | | | | | | |
| **5** | | | | | | | | | |
| **6** | | | | | | | | | |
| **7** | | | | | | | | | |
| **8** | | | | | | | | | |
| | **TOTAL** | | | | | | | | |

Name of Office:-

## Annexure-III

*Nominal Pay Roll of employees for Financial Year 2026-27*

Head of Account:

| S.No | Name of Post | Pay Scale | No. of Posts | PAY | INCREMENT | TOTAL | D.A | H R A | Medical All. | Mobile All. | Spl./ Cash All | Con.All | Wash All. | Gross Total |
|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
| 1 | | | | | | | | | | | | | | |
| 2 | | | | | | | | | | | | | | |
| 3 | | | | | | | | | | | | | | |
| 4 | | | | | | | | | | | | | | |
| 5 | | | | | | | | | | | | | | |
| 6 | | | | | | | | | | | | | | |
| 7 | | | | | | | | | | | | | | |
| 8 | | | | | | | | | | | | | | |
| 9 | | | | | | | | | | | | | | |
| TOTAL | | | | | | | | | | | | | | |

## Revised Receipt Budget Estimates For FY 2025-26 & Estimates for FY 2026-27

Name of Office:-

| Sr.No. | Head of | Accounts for F.Y 2024-25 | Receipt From 01-04-25 to 30-09-25 | Anticipated Expenditure from 01-10-25 to 31-03-26 | Revised Budget Estimates 2025-26 | Budget Estimates for, F.Y 2026-27 | Remarks |
|---|---|---|---|---|---|---|---|
| 1 | 2 | 3 | 4 | 5 | 6 (4 + 5) | 7 | 8 |
| 1 | 0202-01-102-01-Tution and other Fees | | | | | | |
| 2 | 0202-01-102-02- Text book Receipt | | | | | | |
| 3 | 0202-01-102-03- Other receipts | | | | | | |
| 4 | 0202-01-102-90-Decuct refunds | | | | | | |
| | ***G.TOTAL*** | | | | | | |

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਂ.ਸਿ.), ਬਠਿੰਡਾ

ਮਿਤੀ 29.09.2025

ਪਿੱਠ ਅੰਕਣ ਨੰ: ਈ-4/1 ( )2025/5856

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ ਪ੍ਰਿੰਸੀਪਲ/ਮੁੱਖ ਅਧਿਆਪਕ ਸਸਸਸ/ਸਹਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਿੱਤੀਆਂ ਹਦਾਇਤਾਂ ਮੁਤਾਬਕ ਅਤੇ ਨਾਲ ਲੱਗੀ ਲਿਸਟ ਅਨੁਸਾਰ ਬਣਦੇ ਇਸ ਦਫ਼ਤਰ ਨੂੰ ਮਿਤੀ 01.10.2025 ਨੂੰ ਸਵੇਰ [illegible] ਤੋਂ ਪਹਿਲਾਂ ਇਸ ਦਫ਼ਤਰ ਨੂੰ ਭੇਜਿਆ ਜਾਵੇ ਤਾਂ ਜੋ ਅਗਲੇਰੀ ਲੋੜੀਂਦੀ ਕਾਰਵਾਈ ਸਮੇਂ ਸਿਰ ਕੀਤੀ ਜਾ ਸਕੇ।

29/9

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ। 29/9